# ਅਲਬਰਟਾ ਦੇ ਕਲਾਸਰੂਮਾਂ ਵਿੱਚ ਧਿਆਨ ਭਟਕਣ ਨੂੰ ਸੀਮਿਤ ਕਰਨਾ

17 ਜੂਨ, 2024 ਮੀਡੀਆ ਪੁੱਛਗਿੱਛ

## ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਸੁਰੱਖਿਅਤ ਰੱਖਣ ਅਤੇ ਧਿਆਨ ਭਟਕਣ ਨੂੰ ਘਟਾਉਣ ਲਈ, ਨਵੇਂ ਮਿਆਰ ਕਲਾਸਰੂਮਾਂ ਵਿੱਚ ਨਿੱਜੀ ਮੋਬਾਈਲ ਡਿਵਾਈਸਾਂ ਅਤੇ ਸਕੂਲੀ ਨੈੱਟਵਰਕਾਂ 'ਤੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੀਮਿਤ ਕਰਨਗੇ।

ਨਿੱਜੀ ਮੋਬਾਈਲ ਡਿਵਾਈਸ ਅਤੇ ਸੋਸ਼ਲ ਮੀਡੀਆ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਵਧੇਰੇ ਮੌਜੂਦ ਹੋ ਰਹੇ ਹਨ ਅਤੇ ਅਲਬਰਟਾ ਦੇ ਕਲਾਸਰੂਮ ਕੋਈ ਅਪਵਾਦ ਨਹੀਂ ਹਨ। ਜਦੋਂ ਕਿ ਇਹ ਪੜ੍ਹਾਈ ਵਿੱਚ ਸਹਾਇਤਾ ਕਰਨ ਲਈ ਉਪਯੋਗੀ ਸਾਧਨ ਹੋ ਸਕਦੇ ਹਨ, 68,000 ਤੋਂ ਵੱਧ ਮਾਪਿਆਂ, ਅਧਿਆਪਕਾਂ, ਸਿੱਖਿਆ ਭਾਈਵਾਲਾਂ ਅਤੇ ਵਿਦਿਆਰਥੀਆਂ ਤੋਂ ਪ੍ਰਾਪਤ ਫੀਡਬੈਕ ਨੇ ਪਛਾਣਿਆ ਹੈ ਕਿ ਨਿੱਜੀ ਮੋਬਾਈਲ ਡਿਵਾਈਸ ਅਤੇ ਸੋਸ਼ਲ ਮੀਡੀਆ ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਮਾਨਸਿਕ ਤੰਦਰੁਸਤੀ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਤ ਕਰ ਸਕਦੇ ਹਨ।

ਉਸ ਫੀਡਬੈਕ ਦੇ ਆਧਾਰ 'ਤੇ, ਅਲਬਰਟਾ ਦੀ ਸਰਕਾਰ ਮਿਆਰ ਸਥਾਪਿਤ ਕਰ ਰਹੀ ਹੈ ਜੋ 1 ਸਤੰਬਰ ਤੱਕ ਲਾਗੂ ਕੀਤੇ ਜਾਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿੱਜੀ ਮੋਬਾਈਲ ਡਿਵਾਈਸ ਅਤੇ ਸੋਸ਼ਲ ਮੀਡੀਆ ਪੜ੍ਹਾਈ ਵਿੱਚ ਵਿਘਨ ਨਾ ਪਾਉਣ।

"ਮਾਪੇ, ਅਧਿਆਪਕ, ਵਿਦਿਆਰਥੀ ਅਤੇ ਸਾਡੇ ਸਿੱਖਿਆ ਭਾਈਵਾਲ ਇਸ ਬਾਰੇ ਸਪੱਸ਼ਟ ਸਨ ਕਿ ਕਲਾਸਰੂਮ ਵਿੱਚ ਨਿੱਜੀ ਮੋਬਾਈਲ ਡਿਵਾਈਸਾਂ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਚਿੰਤਾ ਦਾ ਵਿਸ਼ਾ ਸੀ। ਅਸੀਂ ਪੜ੍ਹਾਈ ਦੇ ਸਮੇਂ ਦੌਰਾਨ ਨਿੱਜੀ ਮੋਬਾਈਲ ਡਿਵਾਈਸਾਂ ਦੀ ਵਰਤੋਂ 'ਤੇ ਪਾਬੰਦੀ ਲਗਾ ਕੇ ਵਿਦਿਆਰਥੀਆਂ ਦੀ ਸੁਰੱਖਿਆ ਲਈ ਇੱਕ ਸੰਤੁਲਿਤ ਪਹੁੰਚ ਅਪਣਾ ਰਹੇ ਹਾਂ, ਤਾਂ ਜੋ ਧਿਆਨ ਭਟਕਾਉਣ ਅਤੇ ਧੱਕੇਸ਼ਾਹੀ ਨੂੰ ਘਟਾਇਆ ਜਾ ਸਕੇ, ਸਿੱਖਣ ਦੇ ਸਮੇਂ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ ਅਤੇ ਵਿਦਿਆਰਥੀ ਦੀ ਮਾਨਸਿਕ ਸਿਹਤ ਨੂੰ ਸਮਰਥਨ ਦਿੱਤਾ ਜਾ ਸਕੇ।"

*ਡਿਮੇਟ੍ਰੀਓਸ ਨਿਕੋਲਾਈਡਸ (Demetrios Nicolaides), ਐਜੂਕੇਸ਼ਨ ਮਿਨਿਸਟਰ*

ਨਿੱਜੀ ਮੋਬਾਈਲ ਡਿਵਾਈਸਾਂ ਬਾਰੇ ਨਵੇਂ ਮਿਆਰ ਅਲਬਰਟਾ ਦੇ K-12 ਪਬਲਿਕ, ਸੈਪਰੇਟ, ਫ੍ਰੈਂਕੋਫੋਨ, ਪਬਲਿਕ ਚਾਰਟਰ, ਸੁਤੰਤਰ ਸਕੂਲ ਅਥਾਰਟੀਆਂ ਅਤੇ ਸ਼ੁਰੂਆਤੀ ਬਚਪਨ ਦੀਆਂ ਸੇਵਾਵਾਂ ਦੇ ਆਪਰੇਟਰਾਂ ਲਈ ਪਾਬੰਦੀਆਂ, ਲਾਗੂ ਕਰਨ ਦੀਆਂ

ਪ੍ਰਕਿਰਿਆਵਾਂ ਅਤੇ ਅਪਵਾਦ ਸਥਾਪਤ ਕਰਨਗੇ। ਸਿਹਤ ਅਤੇ ਡਾਕਟਰੀ ਲੋੜਾਂ, ਸਿੱਖਣ ਦੀਆਂ ਵਿਸ਼ੇਸ਼ ਲੋੜਾਂ ਵਿੱਚ ਸਹਾਇਤਾ ਕਰਨ ਅਤੇ ਵਿਦਿਅਕ ਉਦੇਸ਼ਾਂ ਲਈ ਮੋਬਾਈਲ ਡਿਵਾਈਸਾਂ ਦੀ ਵਰਤੋਂ ਕਰਨ ਵਾਲੇ ਵਿਦਿਆਰਥੀਆਂ ਲਈ ਸੂਬੇ ਭਰ ਵਿੱਚ ਅਪਵਾਦ ਬਣਾਏ ਜਾਣਗੇ।

ਸਕੂਲ ਅਥਾਰਿਟੀਆਂ ਆਪਣੇ ਸਕੂਲਾਂ ਵਿੱਚ ਨਿੱਜੀ ਮੋਬਾਈਲ ਡਿਵਾਈਸਾਂ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਲਈ ਸਥਾਨਕ ਤੌਰ 'ਤੇ ਤਿਆਰ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਲਾਗੂ ਕਰਨਗੀਆਂ। ਇਨ੍ਹਾਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਸੂਬਾਈ ਮਿਆਰਾਂ ਨੂੰ ਦਰਸਾਇਆ ਜਾਣਾ ਚਾਹੀਦਾ ਹੈ ਪਰ ਫਿਰ ਵੀ ਖੁਦਮੁਖਤਿਆਰੀ ਅਤੇ ਲਚਕਤਾ ਦੀ ਗੁੰਜਾਇਸ਼ ਹੋਵੇਗੀ ਤਾਂ ਜੋ ਉਹਨਾਂ ਭਾਈਚਾਰਿਆਂ ਅਤੇ ਵਿਦਿਆਰਥੀਆਂ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ ਜਿਨ੍ਹਾਂ ਨੂੰ ਉਹ ਸੇਵਾ ਦਿੰਦੇ ਹਨ।

ਸਕੂਲ ਅਥਾਰਿਟੀਆਂ ਆਉਣ ਵਾਲੇ ਹਫ਼ਤਿਆਂ ਅਤੇ ਮਹੀਨਿਆਂ ਵਿੱਚ ਮਾਪਿਆਂ ਅਤੇ ਸਰਪ੍ਰਸਤਾਂ ਨਾਲ ਆਪਣੀਆਂ ਨੀਤੀਆਂ ਅਤੇ ਨਿਯਮਾਂ ਬਾਰੇ ਵੇਰਵੇ ਸਾਂਝੇ ਕਰਨਗੀਆਂ।

## ਫੌਰੀ ਤੱਥ

- ਅਲਬਰਟਾ ਸਕੂਲ ਅਥਾਰਟੀਆਂ ਕੋਲ ਇਸ ਸਮੇਂ ਇਸ ਬਾਰੇ ਖੁਦਮੁਖਤਿਆਰੀ ਹੈ ਕਿ ਉਹ ਵਿਦਿਆਰਥੀ ਦੁਆਰਾ ਸਕੂਲਾਂ ਵਿੱਚ ਸੈਲਫੋਨ ਦੀ ਵਰਤੋਂ ਕਰਨ ਬਾਰੇ ਆਪਣੀ ਖੁਦ ਦੀ ਨੀਤੀ ਤੈਅ ਕਰ ਸਕਦੀਆਂ ਹਨ। ਪੂਰੇ ਸੂਬੇ ਵਿੱਚ ਨੀਤੀਆਂ ਵਖੋ-ਵੱਖ ਹਨ।
- ਹਾਲ ਹੀ ਦੇ ਸਾਲਾਂ ਵਿੱਚ, ਓਨਟਾਰੀਓ, ਕਿਊਬਿਕ ਅਤੇ ਬ੍ਰਿਟਿਸ਼ ਕੋਲੰਬੀਆ ਨੇ ਕੁਝ ਅਪਵਾਦਾਂ ਦੇ ਨਾਲ, ਸਕੂਲਾਂ ਵਿੱਚ ਸੈਲਫੋਨ ਦੀ ਵਰਤੋਂ ਉੱਪਰ ਸੂਬਾ ਵਿਆਪੀ ਪਾਬੰਦੀਆਂ ਜਾਂ ਰੋਕਾਂ ਦਾ ਐਲਾਨ ਕੀਤਾ ਹੈ।
- ਅਲਬਰਟਾ ਐਜੂਕੇਸ਼ਨ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਿੱਖਿਆ ਭਾਈਵਾਲਾਂ ਨਾਲ ਸੰਪਰਕ ਕੀਤਾ ਹੈ।
  - ਮਾਪਿਆਂ ਅਤੇ ਸਕੂਲ ਦੇ ਹਿਤਧਾਰਕਾਂ ਲਈ ਇੱਕ ਸਰਵੇਖਣ ਨੂੰ 68,000 ਤੋਂ ਵੱਧ ਜਵਾਬ ਮਿਲੇ ਹਨ। ਲਗਭਗ 90 ਪ੍ਰਤਿਸ਼ਤ ਜਵਾਬ ਦੇਣ ਵਾਲਿਆਂ ਨੇ ਸਕੂਲ ਵਿੱਚ ਵਿਦਿਆਰਥੀਆਂ ਦੇ ਸੈਲਫੋਨ ਦੀ ਵਰਤੋਂ 'ਤੇ ਚਿੰਤਾ ਸਾਂਝੀ ਕੀਤੀ।
  - ਸਿੱਖਿਆ ਬਾਰੇ ਵੱਖ-ਵੱਖ ਹਿਤਧਾਰਕਾਂ ਨੇ ਦੋ ਵਰਚੁਅਲ ਸ਼ਮੂਲੀਅਤ ਵਾਲੇ ਸੈਸ਼ਨਾਂ ਵਿੱਚ ਹਿੱਸਾ ਲਿਆ।

## ਸੰਬੰਧਿਤ ਜਾਣਕਾਰੀ

- ਸਕੂਲਾਂ ਵਿੱਚ ਸੈਲਫੋਨ ਦੀ ਵਰਤੋਂ ਬਾਰੇ ਸੰਪਰਕ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ

## ਮੀਡੀਆ ਵੱਲੋਂ ਪੁੱਛ-ਗਿਛ

**ਕੇਵਿਨ ਲੀ (Kevin Lee)**

780-427-5010
ਪ੍ਰੈੱਸ ਸੈਕ੍ਰੇਟਰੀ, ਐਜੂਕੇਸ਼ਨ